# ਕੂਕਾ ਮੂਵਮੈਂਟ ਦੇ ਦੁਰਲੱਭ ਦਸਤਾਵੇਜ਼:
# (ਸਰੋਤ) ਰਿਆਸਤੀ ਮਿਸਲਖਾਨਾ, ਪਟਿਆਲਾ

ਮਲਵਿੰਦਰ ਜੀਤ ਸਿੰਘ ਵੜੈਚ*

ਟੱਕਸਾਲੀ ਇਤਿਹਾਸ ਦਾ ਜਿੰਨਾ ਮੂਲ ਆਧਾਰ, ਸਮਕਾਲੀ ਰਿਕਾਰਡ ਹੁੰਦਾ ਹੈ, ਓਨਾ ਸ਼ਾਇਦ ਹੀ ਕੋਈ ਹੋਰ ਸਰੋਤ ਹੋਵੇਗਾ, ਉਹ ਇਸ ਲਈ ਕਿ ਚਲੰਤ ਮਾਮਲਿਆਂ ਨੂੰ ਕਲਮਬੰਦ ਕਰਨ ਵਾਲਾ ਅਸਲ ਵਿੱਚ ਉਸ ਮੌਕੇ ਦੇ ਹਾਲਾਤ, ਸੰਬੰਧਤ ਵਿਅਕਤੀਆਂ ਦੀ ਭਮਿਕਾ ਆਦਿ ਨੂੰ ਹੀ ਲਿਖਤੀ ਰੂਪ ਦੇ ਰਿਹਾ ਹੁੰਦਾ ਹੈ: ਹਾਲਾਂਕਿ ਇਸ ਵਿੱਚ ਰਤੀ ਭਰ ਵੀ ਸ਼ੰਕਾ ਨਹੀਂ ਕਿ ਅਜੇਹਾ ਲਿਖਾਰੀ ਕਿਸੇ ਨਾ ਕਿਸੇ ਤਰ੍ਹਾਂ ਦੇ ਪਖਪਾਤ ਤੋਂ ਲਾਜ਼ਮੀ ਪ੍ਰੇਰਿਤ ਹੁੰਦਾ ਹੈ, ਜਿਵੇਂ ਕਿ ਬਹੁਤੇ ਰਿਕਾਰਡ ਸਰਕਾਰੀ ਹੀ ਹੁੰਦੇ ਹੋਏ, ਉਹ ਸਰਕਾਰੀ ਨਜ਼ਰੀਏ ਨੂੰ ਹੀ ਦਰਸਾਉਂਦੇ ਹਨ: ਸਿਟੇ ਵੱਜੋਂ ਅਕਸਰ ਹੀ ਹਾਕਮਾਂ ਦਾ 'ਖਲਨਾਇਕ', ਲੋਕਾਂ ਦਾ ਨਾਇਕ ਹੁੰਦਾ ਹੈ।

ਇਹ ਸਭ ਕਾਸੇ ਦੇ ਹੁੰਦਿਆਂ ਵੀ ਸੂਝਵਾਨ ਖੋਜੀ ਅਜੇਹੀਆਂ ਪ੍ਰਾਚੀਨ ਲਿਖਤਾਂ 'ਚੋਂ 'ਤੂੜੀ ਤੰਦ' 'ਚੋਂ 'ਅਨਾਜ' ਨਖੇੜ ਲੈਂਦਾ ਹੈ। ਏਸ ਤਰ੍ਹਾਂ ਅਸੀਂ ਕਿਸੇ ਅਜੇਹੀ ਲਿਖਤ ਜਾਂ ਬਿਆਨ ਵਿਚੋਂ ਗੁਝੇ ਸੰਕੇਤ ਟੋਲ ਕੇ ਉਹਨੂੰ ਅਸੀਂ ਤੱਥ ਦੇ ਰੂਪ ਵਿੱਚ ਸਵੀਕਾਰਦੇ ਹਾਂ।

ਮੇਰੀ ਜਾਣਕਾਰੀ ਅਨੁਸਾਰ ਨਾਮਧਾਰੀ ਇਤਿਹਾਸ ਦੇ ਸੰਦਰਭ ਵਿੱਚ ਭਾਈ ਨਾਹਰ ਸਿੰਘ ਜੀ ਨੇ ਗਾੜੀ ਭੂਮਿਕਾ ਨਿਭਾਈ ਹੋਈ ਹੈ, ਤੇ ਘਟੋ-ਘਟ (ਤੇ ਇਹ ਕੋਈ ਮਾਮੂਲੀ ਗੱਲ ਨਹੀਂ) ਹਿੰਦ ਸਰਕਾਰ ਦੇ ਦਿੱਲੀ ਸਥਿਤ ਮਿਸਲਖਾਨੇ (National Archives of India) ਵਿੱਚ ਉਪਲਬਦ ਕੁਲ ਲਿਖਤਾਂ ਪ੍ਰਾਪਤ ਕਰਕੇ ਆਪਣੀ ਟਕਸਾਲੀ ਰਚਨਾ REBELS AGAINST THE BRITISH RULE (Guru Ram Singh and the Kuka Sikhs) ਵਿੱਚ ਸੂਤਰਬੱਧ ਕੀਤੀਆਂ ਹੋਈਆਂ ਹਨ। ਦਾਸ ਨੂੰ ਭਾਈ ਸਾਹਿਬ ਦੀ ਨੇੜਲੀ ਸੰਗਤ ਦਾ ਲਗਭਗ ਦਸ ਸਾਲ ਦਾ ਸੁਭਾਗ ਮਿਲਿਆ ਹੈ ਤੇ ਉਹਨਾਂ ਦੀ ਉਕਤ ਪੁਸਤਕ ਦਾ ਅੱਖਰ-ਅੱਖਰ ਘੋਖ ਕੇ 1998 ਵਿੱਚ ਦਾਸ ਨੇ ਕੂਕਾ ਲਹਿਰ ਬਾਰੇ ਇੱਕ ਕਾਂਡ ਖੋਜ-ਪੱਤਰ ਵੱਜੋਂ ਲਿਖਿਆ ਸੀ (ਜੋ ਮਾਨਯੋਗ ਐਚ.ਐਸ. ਹੰਸਪਾਲ ਜੀ ਦੇ ਆਦੇਸ਼ ਤੇ 'ਸਤਿਯੁਗ' 'ਚ ਲੜੀਵਾਰ ਅੰਗ੍ਰੇਜ਼ੀ ਵਿੱਚ ਛਪਿਆ ਸੀ)। ਏਸ ਆਧਾਰ ਤੇ ਦਾਸ ਨੂੰ ਇਹ ਕਹਿਣ 'ਚ ਕੋਈ ਸੰਕੋਚ ਨਹੀਂ ਕਿ ਇਹ ਪੁਸਤਕ ਨਾਮਧਾਰੀ ਲਹਿਰ ਦੇ ਹਰ ਜਗਿਆਸੂ ਲਈ ਪੜ੍ਹਣੀ ਲਾਜ਼ਮੀ ਹੈ।

ਪਰ ਚੂੰਕਿ ਭਾਈ ਸਾਹਿਬ 1988 ਤੱਕ ਦਿੱਲੀ ਹੀ ਰਹੇ, ਇਸ ਲਈ ਉਹ, ਇਹ ਜਾਣਦਿਆਂ ਹੋਇਆ ਵੀ ਕਿ ਦਿੱਲੀ ਤੋਂ ਇਲਾਵਾ ਦੂਸਰਾ ਦਸਤਾਵੇਜ਼ੀ ਖਜ਼ਾਨਾ ਪਟਿਆਲੇ ਦਾ ਰਿਆਸਤੀ ਮਿਸਲਖਾਨਾ ਹੈ, ਉਹ ਵਡੇਰੀ ਅਵਸਥਾ ਹੋ ਜਾਣ ਕਰਕੇ ਉਥੇ ਪਹੁੰਚ ਨਹੀਂ ਕਰ ਸਕੇ।

ਇਸ ਪਰਥਾਏ ਮੈਂ ਇੱਕ ਨਿੱਜੀ ਅਨੁਭਵ ਦਾ ਜ਼ਿਕਰ ਕਰਨ ਦੀ ਖੁਲ੍ਹ ਲੈ ਰਿਹਾ ਹਾਂ: 17-18 ਜਨਵਰੀ 1872 ਦੇ ਮਾਲੇਰਕੋਟਲੇ ਵਾਲੇ ਨਾਮਧਾਰੀ ਸ਼ਹੀਦਾ ਦੀ ਕੋਈ ਪ੍ਰਮਾਨਿਤ ਸੂਚੀ, ਦਿੱਲੀ ਦੇ ਰਿਕਾਰਡ ਵਿੱਚ ਉਪਲਬਦ ਹੀ ਨਾ ਹੋਣ ਕਰਕੇ, ਭਾਈ ਸਾਹਿਬ ਦੀ ਰਚਨਾ ਵਿੱਚ ਇਹ ਪ੍ਰਸਤੁਤ ਨਹੀਂ ਸੀ ਕੀਤੀ ਜਾ ਸਕਦੀ, ਖਾਸ ਕਰਕੇ 17 ਜਨਵਰੀ ਵਾਲੇ 49-50 ਸ਼ਹੀਦਾਂ ਦੀ, ਕਿਉਂਕਿ 17 ਜਨਵਰੀ ਸ਼ਾਮੀਂ ਜਦੋਂ 68 ਕੂਕੇ ਰੜ ਤੋਂ ਗ੍ਰਿਫ਼ਤਾਰ ਕਰਕੇ ਡੀ.ਸੀ. ਕਾਵਨ ਮੂਹਰੇ ਪੇਸ਼ ਕੀਤੇ ਗਏ ਤਾਂ ਉਸ ਨੇ ਬਗ਼ੈਰ ਕਿਸੇ ਕਾਨੂੰਨੀ/ਕਾਗਜ਼ੀ ਕਾਰਵਾਈ ਦੇ ਉਹਨਾਂ ਨੂੰ ਤੋਪਾਂ ਅੱਗੇ ਖੜ੍ਹੇ ਕਰਕੇ ਉਡਾਉਣਾ ਸ਼ੁਰੂ ਕਰ ਦਿੱਤਾ ਸੀ; ਹਾਲਾਂਕਿ 18 ਜਨਵਰੀ ਵਾਲੇ 16 ਸ਼ਹੀਦਾਂ ਦੇ ਨਾਂ ਤੇ ਉਘੜ-

* Email: mjswaraich29@gmail.com; Ph: 0172-2556314, Facebook: Prof. Malwinder Jit Singh Waraich

ਦੁਘੜ ਜਹੇ ਵੇਰਵੇ ਦਿੱਲੀ ਰਿਕਾਰਡ ਵਿੱਚ ਮੌਜੂਦ ਸਨ, ਜੋ ਭਾਈ ਸਾਹਿਬ ਦੀ ਰਚਨਾ ਵਿੱਚ ਵੀ ਦਰਸਾਏ ਗਏ ਹੋਏ ਹਨ।

ਪਰ ਚੂੰਕਿ ਸਤਿਗੁਰ ਜਗਜੀਤ ਸਿੰਘ ਸਾਹਿਬ ਨੇ ਭੈਣੀ ਸਾਹਿਬ ਵਿਖੇ ਖੁਲੇ ਦਰਬਾਰ ਵਿੱਚ ਦਾਸ ਨੂੰ ਇਹ ਸੇਵਾ ਸੌਂਪੀ ਹੋਈ ਸੀ, ਸੋ ਪਟਿਆਲੇ ਦਾ ਰਿਕਾਰਡ ਦੇਖਣਾ ਲਾਜ਼ਮੀ ਸੀ। ਉਰਦੂ ਮੇਰੀ ਪੜ੍ਹਾਈ ਦੀ ਪਹਿਲੀ ਭਾਸ਼ਾ ਹੋਣ ਕਰਕੇ ਮੈਨੂੰ ਪਟਿਆਲੇ ਵਾਲੇ ਰਿਕਾਰਡ ਨੂੰ, ਜਿਹੜਾ ਲਗਭਗ ਸਾਰੇ ਦਾ ਸਾਰਾ ਉਰਦੂ ਭਾਸ਼ਾ ਵਿੱਚ ਹੀ ਹੈ, ਉਸਨੂੰ ਪੜ੍ਹਨ ਵਿੱਚ ਕੋਈ ਮੁਸ਼ਕਿਲ ਨਹੀਂ ਸੀ। ਮੈਨੂੰ ਲੋੜੀਂਦੀ ਜਾਣਕਾਰੀ ਪਟਿਆਲੇ ਦੂਜੀ ਤੀਜੀ ਫੇਰੀ ਦੌਰਾਨ ਅਪ੍ਰੈਲ 2005 ਵਿੱਚ ਮਿਲ ਗਈ ਸੀ।

ਇਸ ਖੋਜ ਪੜਤਾਲ ਦੇ ਸਿਲਸਿਲੇ 'ਚ ਮੈਨੂੰ ਕਈ ਮਿਸਲਾਂ ਵੇਖਣੀਆਂ ਪਈਆਂ ਸੀ, ਜਿਸ ਦੌਰਾਨ ਮੈਂ ਅਕਸਰ ਵੇਖਦਾ ਹੀ ਰਹਿ ਜਾਂਦਾ ਕਿ ਇਹ ਸਾਰਾ ਰਿਕਾਰਡ ਆਪਣੇ ਅੰਦਰ ਨਾਮਧਾਰੀ ਇਤਿਹਾਸ ਬਾਰੇ ਕਿੰਨੇ ਅਨਮੋਲ-ਵਚਿੱਤਰ ਤੱਥ ਸਮੋਈ ਬੈਠਾ ਹੈ।

ਬੜੀ ਹੀ ਸੰਤੁਸ਼ਟੀ ਵਾਲੀ ਗੱਲ ਹੈ ਕਿ ਸੂਬਾ ਸੁਰਿੰਦਰ ਕੌਰ ਖਰਲ ਹੋਰਾਂ ਨੇ ਆਪਣੀ ਪਿਛਲੀਆਂ ਵੱਡੀਆਂ ਪ੍ਰਾਪਤੀਆਂ ਦੀ ਲੜੀ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ, ਜੋ ਇਸ ਸਾਰੇ ਉਰਦੂ ਰਿਕਾਰਡ ਵਿਚੋਂ ਅਹਿਮ ਦਸਤਾਵੇਜ਼ ਛਾਂਟ ਕੇ ਵਿੱਚੋਂ ਪ੍ਰਾਸੰਗਿਗ ਹਵਾਲੇ ਨਾ ਸਿਰਫ਼ ਉਪਲਬਦ ਹੀ ਕਰਵਾਏ ਹਨ, ਬਲਕਿ ਪਾਠਕਾਂ ਦੀ ਸਹੂਲਤ ਲਈ ਉਹਨਾਂ ਦਾ ਪੰਜਾਬੀ 'ਚ ਅਨੁਵਾਦ ਵੀ ਕਰਵਾ ਲਿਆ ਹੈ।

ਮੈਂ ਦੋਵੇਂ ਭਾਸ਼ਾਵਾਂ ਜਾਣਦੇ ਹੋਏ ਮੂਲ (ਉਰਦੂ) ਲਿਖਤਾਂ ਤੇ ਉਹਨਾਂ ਦੇ ਪੰਜਾਬੀ ਅਨੁਵਾਦਾਂ ਦਾ ਤੁਲਨਾਤਮਕ ਮੁਲਾਂਕਣ ਕਰਕੇ, ਇਸ ਅਨੁਵਾਦ ਨੂੰ ਪੂਰੀ ਤਰ੍ਹਾਂ ਤਸੱਲੀ-ਬਖਸ਼ ਪਾਇਆ ਹੈ, ਜੋ ਕਿ ਇਤਿਹਾਸਕ ਦਸਤਾਵੇਜ਼ਾਂ ਦੇ ਸੰਧਰਵ ਵਿੱਚ ਬੁਨਿਆਦੀ ਅਹਿਮੀਅਤ ਰਖਦਾ ਹੈ।

ਕੁਲ ਮਿਲਾਕੇ ਹੁੰਨ ਜਿੰਨੀ ਕੁ ਮੈਨੂੰ ਦਿੱਲੀ ਵਾਲੇ ਰਿਕਾਰਡ ਦੀ ਜਾਣਕਾਰੀ ਹੈ ਤੇ ਪਟਿਆਲੇ ਵਾਲੇ ਸਰੋਤਾਂ ਬਾਰੇ ਵੀ ਲੋੜੀਂਦਾ ਅਨੁਭਵ ਹੈ, ਇਸ ਆਧਾਰ ਤੇ ਮੈਨੂੰ ਇਹ ਕਹਿਣ ਵਿੱਚ ਰੱਤੀ ਭਰ ਵੀ ਸੰਕੋਚ ਨਹੀਂ ਕਿ ਇਹ ਦੋਵੇਂ ਤਰ੍ਹਾਂ ਦੇ ਸਰੋਤ ਇੱਕ-ਦੂਜੇ ਦੇ ਪੂਰਕ (Complementary) ਹਨ। ਇੱਕ ਲਿਹਾਜ਼ ਨਾਲ ਪਟਿਆਲੇ ਵਾਲਾ ਸਰੋਤ ਹੋਰ ਵੀ ਮਹਤਵਪੂਰਨ ਹੈ ਕਿਉਂਕਿ ਜਿੰਨੇ ਵਿਸਥਾਰ ਤੇ ਇਚੀ-ਬਿਚੀ ਵਿੱਚ ਇਹ ਵਿਚਰਦਾ ਹੈ, ਉਹ ਸ਼ਾਇਦ ਹੀ ਦਿੱਲੀ ਵਾਲੀਆਂ ਮਿਸਲਾਂ ਵਿੱਚ ਉਪਲਬਦ ਹੋਵੇਗਾ, ਜਿਵੇਂ ਕਿਸੇ ਮੌਕੇ ਤੇ ਬਰਾਮਦ ਹੋਏ ਹਥਿਆਰ, ਫੜੇ ਗਏ, ਤੇ ਮੌਕੇ ਤੇ ਮੌਜੂਦ ਵਿਅਕਤੀਆਂ ਦੇ ਵੇਰਵੇ, ਜ਼ਖਮੀਆਂ ਦੀਆਂ ਸੱਟਾਂ-ਫੇਟਾਂ ਬਾਰੇ, ਬਰਾਮਦ ਹੋਏ ਕਪੜੇ ਤੇ ਹੋਰ ਸਮਗਰੀ ਬਾਰੇ ਵਿਸਥਾਰਪੂਰਨ ਜਾਣਕਾਰੀ ਮਿਲਦੀ ਹੈ।

ਇੱਕ ਗੱਲ ਹੋਰ ਧਿਆਨਯੋਗ ਹੈ, ਉਹ ਇਹ ਕਿ ਇਸ ਖਰੜੇ ਨੂੰ ਸਰਸਰੀ ਤੌਰ ਤੇ ਪੜ੍ਹਦਿਆਂ ਵਿੱਚ-ਵਿੱਚ ਅਜੇਹਾ ਵੀ ਲੱਗਦਾ ਹੈ ਜਿਵੇਂ ਉਹੀ ਗੱਲ ਬਾਰ-ਬਾਰ ਦੋਹਰਾਈ ਜਾ ਰਹੀ ਹੈ, ਜੋ ਆਪਣੇ ਆਪ ਵਿੱਚ ਪੂਰੀ ਗ਼ਲਤ ਵੀ ਨਹੀਂ, ਪਰ ਇੰਜ ਹੋਣਾ ਸੁਭਾਵਕ ਹੀ ਹੈ, ਕਿਉਂਕਿ ਹੇਠਲਾ ਅਧਿਕਾਰੀ ਆਪਣੇ ਤੋਂ ਉਪਰ ਵਾਲੇ ਨੂੰ ਪੱਤਰ ਲਿਖਦਾ ਹੈ ਆਪਣੇ ਨਜ਼ਰੀਏ ਤੇ ਪਦਵੀ ਅਨੁਸਾਰ, ਅਗੋਂ ਉਹ ਅਧਿਕਾਰੀ ਆਪਣੇ ਤੋਂ ਉਪਰ ਵਾਲੇ ਨੂੰ ਆਪਣੇ ਹਿਸਾਬ ਨਾਲ ਸੰਬੋਧਤ ਹੁੰਦਾ ਹੈ — ਪਰ ਇਹਨਾਂ 'ਚੋਂ ਕੋਈ ਵੀ ਪੱਤਰ ਜਾ ਦਸਤਾਵੇਜ ਅਖੋਂ-ਪਰੋਖੇ ਨਹੀਂ ਕੀਤੀ ਜਾ ਸਕਦੀ। ਵੈਸੇ ਅਜੇਹੇ ਦੁਹਰਾਉਂ ਭਾਈ ਨਾਹਰ ਸਿੰਘ ਜੀ ਵਾਲੀ ਪੁਸਤਕ ਵਿੱਚ ਵੀ ਮੌਜੂਦ ਹਨ।

ਮੇਰੀ ਸਮਝ ਅਨੁਸਾਰ ਸੁਯੋਗ ਲੇਖਿਕਾ ਨੇ ਪੂਰੀ ਲਗਨ, ਸਿਰੜ ਅਤੇ ਵਿਵੇਕਸ਼ੀਲਤਾ ਨਾਲ ਇਹ ਖਰੜਾ ਸਿਰਜਿਆ ਹੈ, ਜੋ ਨਾਮਧਾਰੀ ਇਤਿਹਾਸ ਦੇ ਸਾਧਾਰਨ ਪਾਠਕਾਂ ਅਤੇ ਖੋਜੀਆਂ (ਦੋਹਾਂ) ਲਈ ਅਤੀ ਲਾਭਕਾਰੀ ਹੋਵੇਗਾ।

----